# ਜਦੋਂ ਅਸੀਂ ਡਰਦੇ ਅਤੇ ਸ਼ਰਮਾਉਂਦੇ ਹਾਂ ਪਰਮੇਸ਼ੁਰ ਸਾਡੀ ਮਦਦ ਕਰਦਾ ਹੈ

ਪਰਮੇਸ਼ੁਰ ਨੂੰ ਕਹੋ ਕਿ ਉਹ ਇਸ ਅਧਿਐਨ ਦੁਆਰਾ ਹਰ ਬੱਚੇ ਨੂੰ ਉਸ ਵਿੱਚ ਸ਼ਾਂਤੀ ਅਤੇ ਸੁਰੱਖਿਆ ਲੱਭਣ ਵਿੱਚ ਮਦਦ ਕਰੇ।

**ਤਿਆਰੀਆਂ :** ਕੁਝ ਮੁਲਾਇਮ ਪੱਥਰ ਇਕੱਠੇ ਕਰੋ, ਜਿਨ੍ਹਾਂ ਤੇ ਬੱਚੇ ਲਿਖ ਸਕਣ।



ਬੱਚੇ ਚਿੱਤਰਾਂ ਵਿੱਚ ਰੰਗ ਭਰ ਸਕਦੇ ਹਨ

1 ਸਮੂਏਲ 17:20-51 ਵਿੱਚ ਦਾਊਦ ਅਤੇ ਗੋਲਿਅਥ ਦੀ ਕਹਾਣੀ ਨੂੰ ਮੂੰਹ ਜ਼ਬਾਨੀ ਪੜ੍ਹੋ ਜਾਂ ਬਿਆਨ ਕਰੋ। ਜੇਕਰ ਸੰਭਵ ਹੋਵੇ ਤਾਂ ਇੱਕ ਵੱਡੇ ਬੱਚੇ ਨੂੰ ਇਸਨੂੰ ਦੂਜਿਆਂ ਲਈ ਪੜ੍ਹਨ ਦਿਓ। ਬੱਚਿਆਂ ਕੋਲੋਂ ਇਸ ਬਾਰੇ ਪ੍ਰਸ਼ਨ ਪੁੱਛੋ ਕਿ ਕਿਵੇਂ ਪਰਮੇਸ਼ੁਰ ਦੀ ਸ਼ਕਤੀ ਡਰ ਅਤੇ ਸ਼ਰਮਿੰਦਗੀ ਉੱਤੇ ਜਿੱਤ ਪਾਉਂਦੀ ਹੈ:

- ਦਾਊਦ ਕੀ ਕਰ ਰਿਹਾ ਸੀ ਜਦੋਂ ਉਸਦੇ ਵੱਡੇ ਭਰਾ ਸੈਨਾਂ ਵਿੱਚ ਲੜ ਰਹੇ ਸਨ?
- ਦਾਊਦ ਨੇ ਕੀ ਕਰਨਾ ਸਿੱਖਿਆ ਜਦੋਂ ਉਹ ਆਪਣੇ ਪਿਤਾ ਦੀਆਂ ਭੇਡਾਂ ਦੀ ਰਖਵਾਲੀ ਕਰ ਰਿਹਾ ਸੀ?
- ਦਾਊਦ ਦੇ ਵੱਡੇ ਭਰਾ ਨੇ ਕੀ ਸ਼ਿਕਾਇਤ ਕੀਤੀ, ਜਦੋਂ ਦਾਊਦ ਯੁੱਧ ਦੇ ਮੈਦਾਨ ਵਿੱਚ ਆਇਆ?
- ਜਦੋਂ ਦਾਊਦ ਯੁੱਧ ਲੜਨ ਲਈ ਗਿਆ ਉਸਨੇ ਸ਼ਾਊਲ ਦੇ ਹਥਿਆਰ ਬੰਨ੍ਹਣ ਤੋਂ ਇਨਕਾਰ ਕਿਉਂ ਕੀਤਾ?
- ਜਦੋਂ ਦਾਊਦ, ਗੋਲਿਅਥ ਸੂਰਮੇ ਦੇ ਵਿਰੁੱਧ ਲੜਨ ਲਈ ਗਿਆ ਤਾਂ ਕਿਸਨੇ ਉਸਨੂੰ ਤਾਕਤਵਾਰ ਬਣਾਇਆ?
- ਪਰਮੇਸ਼ੁਰ ਨੇ ਕਿਵੇਂ ਉਸ ਜਵਾਨ ਮੁੰਡੇ ਨੂੰ, ਉਸ ਵੱਡੇ ਦਾਨਵ ਨੂੰ ਮਾਰਨ ਵਿੱਚ ਮਦਦ ਕੀਤੀ, ਜਿਹੜਾ ਲੋਕਾਂ ਨੂੰ ਡਰਾਉਂਦਾ ਸੀ?



ਗਤੀਵਿਧੀ : ਸਾਡੇ ਡਰ ਨੂੰ ਹਰਾਉਣਾ।

- ਕੁਝ ਡਰ ਜੋ ਲੋਕਾਂ ਅੰਦਰ ਹਨ, ਉਨ੍ਹਾਂ ਨੂੰ ਇੱਕ ਵੱਡੇ ਕਾਗਜ ਤੇ ਲਿਖ ਲਓ। ਬੱਚੇ ਵੀ ਆਪਣੇ ਕੁਝ ਡਰ ਬਾਰੇ ਦੱਸ ਸਕਦੇ ਹਨ।
- ਵੱਡੇ ਬੱਚਿਆਂ ਨੂੰ ਪੱਥਰਾਂ ਤੇ ਉਹਨਾਂ ਸ਼ਬਦਾਂ ਨੂੰ ਲਿਖਣ ਦਿਓ, ਜਿਹੜੇ ਪਰਮੇਸ਼ੁਰ ਦਾ ਵਰਨਣ ਕਰਦੇ ਹਨ। ਸਾਰੇ ਬੱਚਿਆਂ ਨੂੰ ਉਨ੍ਹਾਂ ਸ਼ਬਦਾਂ ਦਾ ਜ਼ਿਕਰ ਕਰਨ ਦਿਓ, ਜੋ ਪਰਮੇਸ਼ੁਰ ਬਾਰੇ ਦੱਸਦੇ ਹਨ। ਕੁਝ ਉਦਾਹਰਣਾ ਹਨ: ''**ਸ਼ਕਤੀਸ਼ਾਲੀ**'', ''**ਸਭ ਕੁਝ ਜਾਣਦਾ ਹੈ,**'' ''**ਮੈਨੂੰ ਪਿਆਰ ਕਰਦਾ ਹੈ,**'' ਅਤੇ ''**ਮੈਨੂੰ ਬਚਾਉਂਦਾ ਹੈ।**'' ਬੱਚਿਆਂ ਨੂੰ ਕਾਗਜ਼ ਉੱਤੇ ਜਿਸ ਤੇ ਉਨ੍ਹਾਂ ਦੇ ਡਰ ਲਿਖੇ ਹਨ ਉਸ ਉੱਤੇ ਨਿਸ਼ਾਨਾ ਸਾਧ ਕੇ ਪੱਥਰ ਮਾਰਨ ਦਿਓ। ਤੁਸੀਂ ਇਹ ਕਰਨ ਲਈ ਬੱਚਿਆਂ ਨੂੰ ਬਾਹਰ ਲੈ ਕੇ ਜਾ ਸਕਦੇ ਹੋ।

ਸੋਚਣ ਬਾਰੇ ਕੋਈ ਚੀਜ਼ : ਪੱਥਰ ਸਾਨੂੰ ਪਰਮੇਸ਼ੁਰ ਦੀ ਸ਼ਕਤੀ, ਜੋ ਕਮਜ਼ੋਰ ਲੋਕਾਂ ਦੀ ਸੁਰੱਖਿਆ ਕਰਦੀ ਹੈ, ਉਸ ਬਾਰੇ ਯਾਦ ਕਰਵਾਉਂਦੇ ਹਨ। ਪੱਥਰ ਜਿਹੜਾ ਦਾਊਦ ਨੇ ਗੋਲਿਅਥ ਨੂੰ ਮਾਰਿਆ, ਉਹ ਛੋਟਾ ਸੀ, ਪਰ ਪਰਮੇਸ਼ੁਰ ਨੇ ਇਸਨੂੰ ਸ਼ਕਤੀਸ਼ਾਲੀ ਬਣਾਇਆ।



ਅੱਤ ਮਹਾਨ ਦੀ ਓਟ। ਚਾਰ ਛੋਟੇ ਬੱਚਿਆਂ ਨੂੰ ਜ਼ਬੂਰ 91 ਦੇ ਚਾਰ ਭਾਗਾਂ ਨੂੰ ਪੜ੍ਹਨ ਦਿਓ, ਮੂੰਹ ਜ਼ਬਾਨੀ ਦੱਸਣ ਦਿਓ ਜਾਂ ਗਾਉਣ ਦਿਓ (ਆਇਤਾਂ 1,2,4,5,6,7,11,12)

1. ਜਿਹੜਾ ਅੱਤ ਮਹਾਨ ਦੀ ਓਟ ਵਿੱਚ ਵੱਸਦਾ ਹੈ,
   ਉਹ ਸਰਬ ਸ਼ਕਤੀਮਾਨ ਦੇ ਸਾਯੇ ਹੇਠ ਟਿਕੇਗਾ।
2. ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਕਿ ਉਹ ਮੇਰੀ ਪਨਾਹ ਅਤੇ ਮੇਰਾ ਗੜ੍ਹ ਹੈ,
   ਮੇਰਾ ਪਰਮੇਸ਼ੁਰ ਜਿਹ ਦੇ ਉੱਤੇ ਮੈਂ ਭਰੋਸਾ ਰੱਖਦਾ ਹਾਂ।
4. ਉਹ ਆਪਣੇ ਖੰਭਾਂ ਨਾਲ ਤੈਨੂੰ ਢੱਕ ਲਵੇਗਾ,
   ਅਤੇ ਉਹਦੇ ਪਰਾਂ ਹੇਠ ਤੂੰ ਪਨਾਹ ਲਵੇਂਗਾ।
5. ਤੂੰ ਰਾਤ ਦੇ ਭੈਜਲ ਤੋਂ ਨਾ ਡਰੇਂਗਾ,
   ਨਾ ਦਿਨ ਦੇ ਉੱਡਦੇ ਬਾਣ ਤੋਂ,
6. ਨਾ ਉਸ ਮਰੀ ਤੋਂ ਜਿਹੜੀ ਅਨ੍ਹੇਰੇ ਵਿੱਚ ਚੱਲਦੀ ਹੇ,
   ਨਾ ਉਸ ਤਬਾਹੀ ਤੋਂ ਜਿਹੜੀ ਦੁਪਹਿਰ ਨੂੰ ਉਜਾੜਦੀ ਹੈ।
7. ਤੇਰੇ ਮੁੱਢ ਹਜ਼ਾਰ ਅਤੇ ਤੇਰੇ ਸੱਜੇ ਹੱਥ ਦਸ ਹਜ਼ਾਰ ਡਿੱਗਣਗੇ,
   ਪਰ ਉਹ ਤੇਰੇ ਨੇੜੇ ਨਾ ਆਵੇਗੀ।
11. ਉਹ ਤਾਂ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ,
   ਭਈ ਓਹ ਤੇਰਿਆਂ ਸਾਰਿਆਂ ਰਾਹਾਂ ਵਿੱਚ ਤੇਰੀ ਰੱਛਿਆ ਕਰਨ।
12. ਓਹ ਤੈਨੂੰ ਹੱਥਾਂ ਉੱਤੇ ਚੁੱਕ ਲੈਣਗੇ,
   ਮਤੇ ਪੱਥਰ ਨਾਲ ਤੇਰੇ ਪੈਰ ਨੂੰ ਸੱਟ ਲੱਗੇ।

1 ਸਮੂਏਲ 17:1-51 ਵਿੱਚੋਂ **ਦਾਊਦ ਅਤੇ ਗੋਲਿਅਥ ਦੀ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।**

- ਅਰਾਧਨਾ ਵਾਲੇ ਆਗੂਆਂ ਨਾਲ ਮਿਲਕੇ ਬਾਲਗਾਂ ਲਈ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਜੇਕਰ ਸਮਾਂ ਸੀਮਿਤ ਹੈ ਤਾਂ ਕਹਾਣੀ ਦੇ ਘੱਟ ਮਹੱਤਵਪੂਰਨ ਭਾਗਾਂ ਨੂੰ ਛੱਡ ਦਿਓ।
- ਕੁਝ ਬੱਚਿਆਂ ਨੂੰ ਫਲਿਸਤੀਆਂ ਅਤੇ ਕੁਝ ਨੂੰ ਇਸਰਾਏਲੀ ਲੋਕਾਂ ਦਾ ਕਿਰਦਾਰ ਅਦਾ ਕਰਨ ਦਿਓ। ਜੇਕਰ ਕਾਫੀ ਬੱਚੇ ਨਹੀਂ ਹਨ, ਤਾਂ ਫਿਰ ਬਾਲਗਾਂ ਨੂੰ ਮਦਦ ਕਰਨ ਲਈ ਕਹੋ।
- ਉਨ੍ਹੀਂ ਦੇਰ ਤੱਕ ਅਭਿਆਸ ਕਰੋ ਜਦ ਤੱਕ ਸਾਰੇ ਜਾਣ ਨਹੀਂ ਲੈਂਦੇ, ਕੀ ਕਰਨਾ ਅਤੇ ਕੀ ਕਹਿਣਾ ਹੈ।

ਜਦੋਂ ਕਥਾਵਾਚਕ ਕਹਾਣੀ ਦੇ ਉਸ ਭਾਗ ਵੱਲ ਆਉਂਦਾ ਹੈ ਤਾਂ ਅਦਾਕਾਰ ਬਾਈਬਲ ਵਿੱਚ ਉਸ ਵਿਅਕਤੀ ਦੇ ਸ਼ਬਦ ਕਹਿਣ ਅਤੇ ਕਿਰਿਆਵਾਂ ਕਰਨ।

**ਕਥਾਵਾਚਕ :** ਕਹਾਣੀ ਦੇ ਉਨ੍ਹਾਂ ਭਾਗਾਂ ਨੂੰ ਪੜ੍ਹੋ, ਜਿਹੜੇ ਬੋਲੇ ਨਹੀਂ ਗਏ, ਅਤੇ ਅਦਾਕਾਰਾਂ ਨੂੰ ਉਨ੍ਹਾਂ ਭਾਗਾਂ ਦਾ ਅਭਿਨੈ ਕਰਨ ਦੇਣ ਲਈ ਰੁਕੋ। ਦੋ ਬੱਚਿਆਂ ਨੂੰ ਯੱਸੀ ਅਤੇ ਰਾਜਾ ਦੇ ਰੂਪ ਵਿੱਚ ਖੜੇ ਕਰੋ।

**ਗੋਲਿਅਥ** ਇੱਕ ਸੋਟੀ ਲਵੇ (ਬਰਛੀ ਨੂੰ ਪਰਦਰਸ਼ਿਤ ਕਰਨ ਲਈ) ਅਤੇ ਜ਼ੋਰ ਤੇ ਗੁੱਸੇ ਨਾਲ ਰੌਲਾ ਪਾਏ।

**ਦਾਊਦ :** ਗੋਪੀਆ ਇਸਤੇਮਾਲ ਕਰਨ ਦਾ ਵਿਖਾਵਾ ਕਰੇ। ਪੱਥਰ ਨੂੰ ਪਕੜਨ ਲਈ ਚਮੜੇ ਦੀ ਗੁਥਲੀ ਸੀ ਜੋ ਦੋ ਰੱਸੀਆਂ ਨਾਲ ਬੰਨ੍ਹੀ ਹੋਈ ਸੀ। ਇਸਤੇਮਾਲ ਕਰਨ ਵਾਲੇ ਇਸ ਨੂੰ ਆਪਣੇ ਸਿਰ ਤੇ ਗੋਲ ਘੁਮਾਉਂਦੇ ਸਨ ਅਤੇ ਇਕ ਰੱਸੀ ਨਾਲ ਪੱਥਰ ਨੂੰ ਵਿਚੋਂ ਨਿਕਲਣ ਦੇਂਦੇ ਸਨ।

**ਪ੍ਰਾਰਥਨਾ :** ਸਰਬ ਸ਼ਕਤੀਮਾਨ ਪਰਮੇਸ਼ੁਰ ਤੂੰ ਜਿਹੜਾ ਸਵਰਗ ਵਿੱਚ ਹੈਂ, ਸਾਨੂੰ ਸਾਰਿਆਂ ਨੂੰ ਡਰ ਤੇ ਜਿੱਤ ਪਾਉਣ ਵਿੱਚ ਮਦਦ ਕਰ। ਸਾਨੂੰ ਵੀ ਆਪਣੀ ਸ਼ਕਤੀ ਵਿੱਚ ਉਹੋ ਜਿਹਾ ਭਰੋਸਾ ਅਤੇ ਨਿਹਚਾ ਦੇ ਜੋ ਤੂੰ ਦਾਊਦ ਨੂੰ ਦਿੱਤਾ ਸੀ। ਯਿਸੂ ਦੇ ਨਾਮ ਵਿੱਚ, ਆਮੀਨ।

Copyright 2003 by Paul-Timothy. Download Paul-Timothy studies freely from www.Paul-Timothy.net.